੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਬਾਰਾਂ ਮਾਂਹ

ਕ੍ਰਿਤ—ਗੁਰਬਖਸ਼ ਸਿੰਘ ਰਾਮਪੁਰੀ

ਪ੍ਰਕਾਸ਼ਕ- ਸੰਤ ਉਜਾਗਰ ਸਿੰਘ ਸ਼ੇਖਵ
ਪਿੰਡ ਰਾਮ ਪੁਰ (ਹਿਸਾਰ)

ਕੀਮਤ—੫੦ ਨੈ

Sri Satguru Jagjit Singh Ji eLibrary NamdhariElibrary@gmail.com

ਨੀ ਸੂਰਜ ਦੀਓ ਕ੍ਰਿਣੋ ਤਕ ਲੌ ਅਪਣੇ ਸੂਰਜ ਤਾਂਈ।

ਤੂਰ ਦਲਿਆ ਜੇ ਸ਼ਾਮਾਂ ਪਾਕੇ ਨੀ ਦੇਕੇ ਸਾਨੂੰ ਆਹੀਂ।

ਨੀ ਪਿਆਰਾਂ ਦਾ ਪਾਓ ਵਾਸਤਾ ਇਸ ਪਿਆਰੇ ਦੇ ਅਗੇ,

ਲੜਲਗੀਆਂ ਦੀ ਲਾਜ ਪ੍ਰੀਤਮ ਚਰਨਾਂ ਨਾਲ ਨਿਬਾਹੀਂ।



Sri Satguru Jagjit Singh Ji eLibrary NamdhariElibrary@gmail.com

# ਮੁਖ ਬੰਦ

ਇਕ ਕਵਿਤਾ ਬਣਾਈ ਜਾਂਦੀ ਹੈ, ਤੇ ਇਕ ਕਵਿਤਾ ਕਵੀ ਦੇ ਹਿਰਦੇ ਵਿਚੋਂ ਫੁਟਦੀ ਹੈ। ਬਣਾਈ ਗਈ ਕਵਿਤਾ ਵਿਚੋਂ ਬਨਾਵਟ ਝਲਕਦੀ ਹੈ। ਤੇ ਹਿਰਦਿਓਂ ਫੁਟੀ ਕਵਿਤਾ ਅਸਲ ਅਤੇ ਚਿਰ ਜੀਵ ਹੁੰਦੀ ਹੈ। ਮੇਰੇ ਸਾਥੀ ਰਾਮਪੁਰੀ ਦੇ ਇਹ ਕਬਿਤ ਆਪਣੇ ਪ੍ਰਿਯ-ਵਿਹੂਣੀ ਰੂਹ ਦੀ ਵਿਛੜੇ ਪ੍ਰੀਤਮ ਦੀ ਯਾਦ ਵਿਚ ਇਕ ਪੁਕਾਰ ਬਣ ਫੁਟੇ ਹਨ। ਸਾਧ ਸੰਗਤ ਵਿਚ ਇਹ ਬਾਰਾਂ ਮਾਹ ਸੁਣੇ ਹਨ ਅਤੇ ਹਰ ਨੇਤਰ ਵਿਚੋਂ ਸੋਮੇ ਵਗਦੇ ਤਕੇ ਹਨ।

ਇਹ ਬਾਰਾਂ ਮਾਹ ਉਸ ਸਤਿਗੁਰੂ ਨੂੰ ਸਮਰਪਤ ਹਨ ਜਿਸ ਹਰ ਪਲ ਆਪਣੇ ਪ੍ਰਦੇਸੀ ਪ੍ਰੀਤਮ ਦੀ ਯਾਦ ਵਿਚ ਬਿਤਾਇਆ। ਉਸਦੇ ਦੀਦਾਰ ਨਮਿਤ ਲਖਾਂ ਹੀ ਹੋਮ, ਯਗ. ਸਧਾਰਨ ਪਾਠ ਤੇ ਅਖੰਡ ਪਾਠ ਕਰਵਾਏ। ਅਤੇ ਇਕ ਦਿਨ ਆਪ ਹੀ ਸਾਥੋਂ ਪਲਾ ਛੁਡਾ ਕੇ ਉਸ ਵਿਚ ਅਭੇਦ ਹੋ ਗਿਆ। ਸੋ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਦੀ ਪ੍ਰਦੇਸਗਵਨ ਸ਼ਤਾਬਦੀ ਦੇ ਦੌਰਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਰਾਮ ਪੁਰੀ ਦੇ ਇਹ ਬਾਰਾਂ ਮਾਹ ਪੇਸ਼ ਕਰਦਿਆਂ ਮੈਂ ਖੁਸ਼ੀ ਅਨੁਭਵ ਕਰ ਰਿਹਾ ਹਾਂ।

ਮੇਰੀ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ਼ੋਈ ਹੈ ਕਿ ਉਹ ਹਰ ਇਕ ਨੂੰ ਰਾਮਪੁਰੀ ਦੀ ਮਾਂ ਜਹੀ ਮਾਂ ਬਖਸ਼ਣ ਕਿਉਂ ਕਿ ਮਾਤਾ ਦੇ ਅਸਰ ਕਾਰਨ ਹੀ ਰਾਮਪੁਰੀ ਦੇ ਦਿਲ ਵਿਚ ਆਪਣੇ ਇਸ਼ਟ ਪ੍ਰਤੀ ਅਗਾਧ ਸ਼ਰਧਾ ਹੈ। ਅਤੇ ਇਹ ਉਸਦੇ ਦੂਜੇ ਜਤਨ ਦੀ ਸਫਲਤਾ ਵੀ ਉਸਦੀ ਮਾਤਾ ਦੀ ਪ੍ਰੇਰਨਾ ਹੈ।

ਪਾਠਕਾਂ ਨੂੰ ਮੈਂ ਕੋਈ ਅਪੀਲ ਨਹੀਂ ਕਰਦਾ। ਕਿਉਂਕਿ ਇਹ ਕਬਿਤ ਆਪਣੇ ਆਪ ਹੀ ਅਪੀਲ ਕਰਨਗੇ।

ਗੁਰਭਜਨ ਸਿੰਘ ਨਾਮਧਾਰੀ ਸਕੱਤ੍ਰ ਸਤਿਗੁਰੂ ਰਾਮਸਿੰਘ ਪ੍ਰਦੇਸ ਗਮਨ ਸ਼ਤਾਬਦੀ ਸੰਮਿਤੀ

Sri Satguru Jagjit Singh Ji eLibrary NamdhariElibrary@gmail.com

## ਰੁਬਾਈ

ਵਡ ਪ੍ਰਤਾਪੀ ਦੇ ਆਸ਼ਕੋ ਮੇਰੀ ਤੁਧਨੋ ਹੈ ਪ੍ਰਨਾਮ।
ਆਪਣੇ ਪ੍ਰੀਤ ਦੇ ਸਮੇ ਵਿਚੋਂ ਮੈਨੂੰ ਬਖਸ਼ੋ ਪ੍ਰੀਤ ਦਾ ਜਾਮ।
ਪੀ ਕੇ ਖੀਵਾ ਰਹਾਂ ਸਦਾ ਮੈਂ ਮਸਤੀ ਦੀ ਵਿਚ ਬਸਤੀ:
ਹਸ ਹਸ ਜਸ ਫਿਰ ਪ੍ਰੀਤਮ ਦਾ ਮੈਂ ਕਰਾਂ ਜਾਮ ਔ ਸ਼ਾਮ।

## ਕਬਿਤ

ਸਿਆਲ ਤੇ ਹੁਨਾਲ ਰੁਤਾਂ ਗਿੜਦੀਆਂ ਨੇ ਗੇੜ ਨਾਲ ਸੂਰਜ ਦੇ ਤੇਜ ਚਾਲੇ ਲਗੇ ਕਈ ਰੇੜੇ ਨੇ।
ਗਾਜ਼ੀਆਂ ਤੇ ਸੋਣੀਆਂ ਵੀ ਕਈ ਵਾਰ ਵਢ ਥਕੇ ਆਏ ਨਹੀਂ ਮਾਹੀ ਅਜੇ ਤਕ ਸਾਡੇ ਵੇਹੜੇ ਨੇ।
ਲਖਾਂ ਅਖਾਂ ਭਰੀਆਂ ਨਾਲ ਨੇ ਗਲੇਡੂਆਂ ਦੇ ਲਖਾਂ ਬੁਲ੍ਹਾਂ ਵਿਚ ਰੁਕੇ ਪਏ ਕਈ ਸੁਨੇਹੜੇ ਨੇ।
ਵਿਛੋੜੇ ਦੀ ਸਾਰ ਜਾਣ ਸਕਦੇ ਨੇ ਉਹੋ ਜਨ ਸਜਨਾਂ ਤੋਂ ਵਿਛੜੇ ਸਜਨ ਜੁ ਜੇਹੜੇ ਨੇ।

Sri Satguru Jagjit Singh Ji eLibrary NamdhariElibrary@gmail.com

# ਭਾਈ ਵਜੀਰ ਸਿੰਘ ਜੀ

ਨਾਮ ਸੀ ਵਜੀਰ ਅਤੇ ਅਕਲ ਵੀ ਵਜੀਰ ਦੀ ਸੀ
ਸ਼ਹਿਨਸ਼ਾਹ ਪ੍ਰਤਾਪ ਜੀ ਦੇ ਤਖਤ ਦਾ ਵਜੀਰ ਸੀ ।
ਮਜਨੂੰ ਵੀ ਕੀ ਸੀ ਜਿਹੜਾ ਔਰਤ ਤੇ ਮਤੀਹ ਸੀ
ਮਰਦ ਤੇ ਮਰਦ ਆਸ਼ਕ ਇਸ਼ਕ ਦੀ ਅਖੀਰ ਸੀ ।
ਜਿਸ ਹਾਲੇ ਸਸੀ ਰਹੀ ਥਲਾਂ ਵਿਚ ਕੂਕਦੀ ਸੀ
ਓਸੇ ਹਾਲੇ ਰਿਹਾ ਬਸ ਭਾਈ ਦਾ ਸਰੀਰ ਸੀ ।
ਇਸ਼ਕ ਦੀ ਪੌੜੀ ਚੜ੍ਹ ਗਿਆ ਲੜ ਕੇਦੇ ਨਾਲ
ਤੇਰੇ ਸਾਹਵੇਂ ਆਸ਼ਕਾ ਓਏ ਤੁਛ ਰਾਂਝਾ ਹੀਰ ਸੀ ।

Sri Satguru Jagjit Singh Ji eLibrary NamdhariElibrary@gmail.com

# ਸੰਤ ਰਤਨ ਸਿੰਘ ਜੀ

ਵਿਛੋੜਾ ਰਤਨ ਨੂੰ ਕੇਈ ਪੁਛੇ ਜੇਹੜਾ ਹੌਕਿਆਂ 'ਚ ਲੁਛੇ
ਸਦਾ ਲਗਾ ਰਹਿੰਦਾ ਕੁਛੇ ਕਦੇ ਡਿਠਾ ਨਹੀਂ ਹਸਦਾ ।
ਨਾ ਸੀ ਗੁਰਾਂ ਦਾ ਸਰੀਰ ਜਿਹਾ ਭਾਈ ਨਾ ਵਜ਼ੀਰ
ਕਿਹੜਾ ਦੇਵੇ ਦਸੇ ਧੀਰ ਤੇ ਅਖੀਰ ਕਿਥੇ ਨਸਦਾ ।
ਮੰਗੀ ਮੌਤ ਵੀ ਨਾ ਆਵੇ ਭਾਵੇਂ ਭਰਦਾ ਕਲਾਵੇ
ਚੋਟ ਬਿਰਹੋਂ ਦੀ ਖਾਵੇ ਜੀਆ ਪੀਆ ਵਿਚ ਵਸਦਾ ।
ਰਾਮ ਪੁਰੀ ਏਹ ਸੁਨਾਵੇ ਜਿਹੜਾ ਦੀਦ ਏਹਦੀ ਪਾਵੇ
ਝਟ ਪੀਆ ਯਾਦ ਆਵੇ ਹਾਲੇ ਇਕੋ ਝਾਕੀ ਦਸਦਾ ।



Sri Satguru Jagjit Singh Ji eLibrary NamdhariElibrary@gmail.com

# ਬਾਬਾ ਟੋਕਰੀਆਂ ਵਾਲਾ ਤੇ ਪੰਡਤ ਗੋਪਾਲ ਸਿੰਘ

ਵੇਖੋ ਪੰਡਤ ਗੋਪਾਲ ਜਿਹਦਾ ਮੋਹਿਆ ਵਾਲ ਵਾਲ
ਵਸੇ ਦੀਨ ਜੀ ਦਿਆਲ ਦੀਆਂ ਸਦਾ ਵਿਚ ਆਖੀਆਂ।
ਊਧੋ ਵਾਂਗ ਇਹ ਸਹਾਰਾ ਸਾਨੂੰ ਦੇ ਗਿਆ ਪਿਆਰਾ
ਵੇਖੋ ਫਿਰੇ ਮਾਰਾ ਮਾਰਾ ਸੰਗ ਰਾਧਕਾਂ ਜੋ ਸਖੀਆਂ।
ਨਹੀਂ ਅਖੀਆਂ ਵੀ ਓਹ ਕਰੇ ਅਖੀਆਂ ਕੀ ਓਹ
ਲਿਆ ਅਖੀਂ ਅਕ ਚੋ ਮਸਤਾਨੇ ਵੀ ਨਾ ਰਖੀਆਂ।
ਬਾਬਾ ਟੋਕਰੀਆਂ ਵਾਲਾ ਜਿਹਨੂੰ ਕਹਿੰਦੇ ਲੋਗ ਬਾਲਾ
ਰੰਗ ਹੋਇਆ ਏਹਦਾ ਕਾਲਾ ਹੌਕੇ ਚਾੜ ਗਏ ਵਖੀਆਂ।



Sri Satguru Jagjit Singh Ji eLibrary NamdhariElibrary@gmail.com

# ਬਾਰਾਂ ਮਾਂਹ

## ਦੋਹਰਾ

ਕਰ ਜੋਰ ਕਰ ਅਰਜ ਹੈ ਕੀਜੇ ਗੁਰ ਪ੍ਰਸਾਦ । ਬੁਧ ਬਲ ਦਿਓ ਜਗਜੀਤ ਗੁਰ ਮੇਟੋ ਬਾਦ ਬਿਬਾਦ ।
ਸਭ ਬੀਰਨ ਕੇ ਬੀਰ ਹੋ ਬੀਰ ਸਿੰਘ ਮਹਾਰਾਜ । ਕਲਮ ਉਠਾਈ ਦਾਸ ਨੇ ਰਾਖ ਲੀਓ ਜੀ ਲਾਜ ।

## ਚੇਤਰ

ਚੜਿਆ ਚੇਤ ਦਾ ਮਹੀਨਾ ਨਾ ਸੀ ਜਾਡਾ ਨ ਪਸੀਨਾ
ਗਾਤ ਗੌਂਦੀਆਂ ਹਸੀਨਾ ਤੇ ਪਿਆਰ ਵੀਣਾ ਵਜਦੀ ।
ਵੇਖ ਕਣਕਾਂ ਅਤੇ ਛੋਲੇ ਜੱਟ ਬੰਨੇ ਉਤੇ ਬੋਲੇ
ਗੌਂਦਾ ਪਿਆਰ ਦੇ ਸੀ ਢੋਲੇ ਤੇ ਗਰੀਬੀ ਜਾਪੇ ਭਜਦੀ ।
ਏਈ ਚੇਤ ਵਦੀ ਤੀਜ ਆਏ ਰਾਮ ਦੇ ਭਤੀਜ
ਪਏ ਦੇਵੀ ਦੇਵ ਰੀਝ ਹਰ ਚੀਜ ਆਪੂੰ ਸਜਦੀ ।
ਜੀਆਂ ਦੇ ਜੀਵਨ ਸੰਜੀਵਨ ਸੀ ਸਾਰਿਆਂ ਦੇ
ਸੂਰਜ ਦੀ ਰੋਸ਼ਨੀ ਵੀ ਜੀਹਦੇ ਕੋਲੋਂ ਲਜਦੀ ।

Sri Satguru Jagjit Singh Ji eLibrary NamdhariElibrary@gmail.com

# ਵੈਸਾਖ

ਵਿਸਾਖ ਦੀ ਬਹਾਰ ਲੈਕੇ ਆਈ ਤਿਉਹਾਰ ਨਵਾਂ
ਦਾਣੇ ਇਕ ਦਾਣੇ ਤੋਂ ਸੀ ਭਏ ਕਈ ਹਜਾਰ ਨੇ ।
ਜੀਵਨ ਦੇ ਲਾਲ ਵੀ ਸੀ ਜੀਵਨ ਨਗਰ ਹਾਲ
ਦਰਸ ਸੀ ਪਰਸ ਰਹੇ ਕੂਕੇ ਸਰਦਾਰ ਨੇ ।
ਮਹਾਰਾਜ ਬੀਰ ਸਿੰਘ ਇਸੇ ਮਹੀਨੇ ਬਰੀ ਹੋਏ
ਕੀਤੇ ਹੋਏ ਕੈਦ ਜੋ ਸੀ ਝੂਠੀ ਸਰਕਾਰ ਨੇ ।
ਵਿਸਾਖ ਦੀ ਉਨਤੀ ਸਤਿਗੁਰ ਮੰਡੀ ਨੂੰ ਰਵਾਨ ਹੋਏ
ਕੋਈ ਕਹੇ ਰਾਜੀ ਬਾਜੀ ਕੋਈ ਕਹੇ ਬਿਮਾਰ ਨੇ ।



Sri Satguru Jagjit Singh Ji eLibrary NamdhariElibrary@gmail.com

# ਜੇਠ

ਪਹਿਲੀ ਜੇਠ ਦੀ ਜਾਂ ਆਈ ਕਹੇ ਰਤਨ ਤਾਈਂ ਭਾਈ
ਮੈਨੂੰ ਜਾਂਦਾ ਹੈ ਜਣਾਈ ਪੈਣਾ ਮਾਹੀ ਨੇ ਵਿਛੋੜਾ ਏ।
ਕਦੇ ਜਾਪਦੀ ਬਿਮਾਰੀ ਕਦੇ ਬਿਲਕੁਲ ਤਿਆਰੀ
ਕਦੇ ਕਰਦੇ ਸੁਵਾਰੀ ਸਦ 'ਮੇਰੀ ਬੁਆਏ'' ਘੋੜਾ ਏ।
ਸਦ ਸਵਰਨ ਤਾਈਂ ਕੋਲ ਕਹਿੰਦੇ ਮਿਠਾ ਮਿਠਾ ਬੋਲ
ਆਜਾ ਬਹਿਕੇ ਮੈਂਚੀ ਖੋਲ ਜਰਾ ਸੁਰ ਰਖੀ ਥੋੜਾ ਏ।
ਏਹ ਸੀ ਮੰਡੀ ਦਾ ਨਜ਼ਾਰਾਂ ਜੋ ਮੈਂ ਦਸਿਆ ਏ ਸਾਰਾ
ਫੇਰ ਗਏ ਨਹੀ ਦੁਬਾਰਾ ਐਸੀ ਘੜੀ ਮੁਖ ਮੋੜਾ ਏ।



Sri Satguru Jagjit Singh Ji eLibrary NamdhariElibrary@gmail.com

ਰਹੀ ਉਡੀਕਦੀ ਓਹ ਮੰਡੀ ਰਹੀ ਉਡੀਕਦੀ ਉਹ ਡੰਡੀ
ਉੱਤਰ ਤੇਜ ਪ੍ਰਚੰਡੀ ਜਿਥੋਂ ਜਾਂਦੇ ਕੋਠੀ ਵਲ ਏ ।
ਓਹ ਮਿਲ ਪਈ ਉਡੀਕੇ ਬੂਟਾ ਆੜੂਆਂ ਦਾ ਚੀਕੇ
ਆਖੇ ਫੇਰ ਅੱਖਾਂ ਜੀ ਕੇ ਵੇਖ ਲਗਾ ਮੇਰਾ ਫਲ ਏ ।
ਰਹੀ ਤੂੰ ਉਡੀਕਦੀ ਮਿਨਾਲੀ ਜਿਨੂੰ ਕਹਿੰਦੇ ਕਰਮਾ ਵਾਲੀ
ਉਡੀਕੇ ਬਰਫ ਕਲੀ ਭਾਲੀ ਤੇ ਉਡੀਕੇ ਤੈਨੂੰ ਬਲ ਏ ।
ਸੰਗਤ ਉਡੀਕ ਦੀ ਸੀ ਸਾਰੀ ਆਵੇ ਚੀਨ੍ਹ ਅਸਵਾਰੀ
ਤੇੜ ਤੁਸੀਂ ਗਏ ਧਾਰੀ ਜੀ ਬਿਹਾਰੀ ਜੈਸਾ ਛਲ ਏ ।



Sri Satguru Jagjit Singh Ji eLibrary NamdhariElibrary@gmail.com

## ਹਾੜ

ਚੜ੍ਹਿਆ ਮਾਹ ਸੀ ਜਾਂ ਹਾੜ ਜਿਨੂੰ ਕਹਿੰਦੇ ਸੜਿਆ ਸਾੜ
ਤਪੇ ਖੁਸ਼ਕ ਪਹਾੜ ਹੋਈਆਂ ਤਤੀਆਂ ਹਵਾਵਾਂ ਨੇ ।
ਹੁਸਨ ਵੇਖ ਕੁਰ ਲਾਵੇ ਹਬਾ ਏਹ ਕਾਹਨੂੰ ਆਵੇ
ਮਿਲਣਰਾਤਰੀਗਵਾਵੇਲਥਣਪੀਆਗਲੋਂਬਾਹਵਾਂਨੇ ।
ਸਤਾਈ ਹਾੜ ਦੀ ਜਾਂ ਆਈ ਗੁਰਾਂ ਜੀਪ ਮੰਗਾਈ
ਸੁਣੋ ਰਤਨ ਤੇ ਭਾਈ ਵਲੋਂ ਵੇਖੀਏ ਉਹ ਥਾਵਾਂ ਨੇ ।
ਪੁਜੇ ਸੀ ਰਵਾਲ ਸਰ ਜਿਹਨੂੰ ਗੋਬਿੰਦ ਦਾ ਵਰ
ਅਤੇ ਮੁਕਤੀ ਦਾ ਸਰ ਨੰਘੇ ਬਿਖੜੀਆਂ ਰਾਹਾਂ ਨੇ ।



Sri Satguru Jagjit Singh Ji eLibrary NamdhariElibrary@gmail.com

# ਸਾਵਣ

ਚੜ੍ਹਿਆ ਸੋਣ ਮਾਂਹ ਢਲੇ ਉਤਰ ਪਹਾੜਾਂ ਤੋਂ ਥਲੇ
ਬੜੀ ਤੇਜ ਕਾਰ ਚਲੇ ਕੀਤਾ ਪੰਧ ਤੇਅ ਸਾਰਾ ਸੀ।
ਵਿਚ ਕਾਰ ਦੇ ਬਿਰਾਜਾ ਅਜ ਰਾਜਿਆਂ ਦਾ ਰਾਜਾ
ਨਾਂਤਾਊਸ਼ ਤੇ ਨਾਂਵਾਜਾ ਲਾਇਆਕਾਰਚੋਹੀਵਾਂਰਾਸੀ।
ਭੈਣੀ ਸਾਹਿਬੋਂ ਰਾਮਸ਼ਰ ਪੁਜੇ ਛੇਤੀ ਛੇਤੀ ਹਰ
ਗੋਲ਼ ਮੰਦਿਰ ਚ ਕਰ ਲਿਆ ਆਖਰੀ ਉਤਾਰਾ ਸੀ।
ਧੰਨ ਉਹਨਾਂ ਦੇ ਸੀ ਭਾਗ ਜੇਹੜੇ ਪਇ ਸੀ ਉਦੋਂ ਜਾਗ
ਮੋਹ ਘਰ ਦਾ ਤਿਆਗ ਕੀਤਾ ਅੰਤਿਮ ਦੀਦਾਰਾ ਸੀ।



Sri Satguru Jagjit Singh Ji eLibrary NamdhariElibrary@gmail.com

# ਭਾਦਰੋਂ

ਚੜ੍ਹਿਆ ਭਾਦੋਂ ਦਾ ਮਹੀਨਾ ਮੇਰਾ ਧੜਕਣ ਲਗਾ ਸੀਨਾ
ਜਾਏ ਗੁਵਾਚਣ ਨਗੀਨਾ ਸੀ ਕਮੀਨਾ ਦਿਲ ਆਖਦਾ ।
ਆਈ ਭਾਦਰੋਂ ਦੀ ਪੰਜ, ਭਈ ਦਿਨ ਦੀਵੀਂ ਸੰਜ
ਹੋਇਆ ਤਾਲ ਵਿਚ ਕੰਜ ਰੰਜ ਸਭਨੂੰ ਸੀ ਭਾਖਦਾ ।
ਅਖਾਂ ਬਣ ਗਈਆਂ ਮੋਣ ਅਜ ਰੋਕੇ ਇਨ੍ਹਾਂ ਕੋਣ
ਨਿਵੀਂ ਸਭ ਦੀ ਪਈ ਧੌਣ ਦਸੋ ਮੋਣ ਕੌਣ ਰਖਦਾ ।
ਹੋਇਆ ਸਾਰਾ ਸੀ ਜਹਾਨ ਰੋਇ ਧਰਤ ਆਸਮਾਨ
ਰੋਇਆ ਉਹ ਬੀਆਬਾਨ ਜੇਹੜਾ ਨਿ ਆਵਾਜ਼ ਈਣ ਖਦਾ ।



Sri Satguru Jagjit Singh Ji eLibrary NamdhariElibrary@gmail.com

ਨਿਕਮੀਂ ਆਈ ਐਮੀ ਰਾਤ ਹੋਈ ਸੰਗੀ ਪਰਭਾਤ
ਰਹੀ ਮਾਤ ਨਾ ਰਿਹਾ ਤਾਤ ਸੁਣੇ ਦੁਖ ਸਾਡੇ ਕੇਹੜਾ ਏ।
ਹਿਲੇ ਫਾਟਕ ਦੀ ਜਾਂ ਚੂਥੀ ਵੇਖਣ ਗਊਆਂ ਚੁਕ ਬੂਥੀ
ਕਹਿਣ ਪੀਆ ੨ ਮੂੰਹਥੀਂ ਦੁਧ ਵਛਿਆਂ ਨਾ ਲੇੜਾ ਏ।
ਸੁਤੇ ਲੰਮੀਆਂ ਜਾਂ ਤਾਣ ਸੌਂ ਗਏ ਸਾਡੇ ਅਰਮਾਨ
ਲੇਕੇਛਿਪਗਿਆਜੇਭਾਨਜੀਵਨਦਾਨਦੇਂਦਾਜੇਹੜਾਏ।
ਭੈਣੀ ਸਾਹਿਬ ਆਖੇ ਮਾਹੀ ਝਟ ਬਣ ਤੁਰਿਓਂ ਰਾਹੀ
ਕਦੋਂ ਮੁਕੇਗੀ ਜੁਦਾਈ ਮੇਰਾ ਸੁੰਞਾ ਹੋਇਆ ਵੇਹੜਾ ਏ।



Sri Satguru Jagjit Singh Ji eLibrary NamdhariElibrary@gmail.com

ਕਾਲੀ ਬਿਜਾਕਲ਼ ਰਾਤ ਭਾਦਰੋਂ ਦੀ ਪੰਜ ਵਾਲੀ
ਮਾਲਾ ਦੇ ਉਜਾਲਾ ਕਰ ਗਏ ਕਿਸਨ ਸਿੰਘ ਮਾਈ ਨੂੰ ।
ਮੇਰਾ ਸਵ ਰੂਪ ਜਗਜੀਤ ਜੀ ਨੂੰ ਜਾਣ ਕੇ ਤੋਂ
ਮੇਟ ਲਿਆ ਕਰੀਂ ਮਾਈ ਆਪਨੀ ਜੁਦਾਈ ਨੂੰ ।
ਯਾਰਾਂ ਦੀ ਬਹਾਰਾਂ ਦੇ ਵਿਚਾਰਾਂ ਵਿਚ ਮਾਈ ਜੀ ਨੇ
ਵੇਖ ਲਿਆ ਅਖੀਂ ਸੀ ਖੁਦਾ ਦੀ ਖੁਦਾਈ ਨੂੰ ।
ਸ਼ੁਦਾਈ ਹੋਈ ਮਾਈ ਫਿਰੇ ਆਪੇ ਨੂੰ ਗਵਾਈ ਭਾਈ
ਰੋਕ ਸਕੀ ਨਾਹੀ ਹਏ ਵੇ ਜਾਂਦੇ ਹੋਏ ਰਾਹੀ ਨੂੰ ।



Sri Satguru Jagjit Singh Ji eLibrary NamdhariElibrary@gmail.com

## ਅੱਸੂ

ਚੜਿਆ ਅੱਸੂ ਮਾਹ ਨਿਰਾਲਾ ਦਿਨੇ ਧੁਪਾਂ ਰਾਤੀਂ ਪਾਲਾ
ਸਾੜ ਬਿਰਹੋਂ ਜਵਾਲਾ ਮੇਰਾ ਕੀਤਾ ਰੰਗ ਕਾਲਾ ਏ।
ਰਾਮ ਗਏ ਬਨਵਾਸ ਟੁਟੀ ਦਸਰਥ ਦੀ ਆਸ
ਡਿਗ ਮਹਲੋਂ ਹੋਇਆ ਲਾਸ਼ ਰਾਜ ਤਾਜ ਨਾ ਸੰਭਾਲਾ ਏ।
ਮੇਰੀ ਇਕ ਦੀ ਕੀ ਗਲ ਹੋਇਆ ਲਖਾਂ ਤਾਈਂ ਝਲ
ਵਜਾ ਸੀਨੇ ਐਸਾ ਸਲ ਡਿਗਾ ਦਿਲ ਤੇ ਹਿਮਾਲਾ ਏ।
ਤੇਰੀ ਜਿਤ ਸਾਡੀ ਹਾਰ ਹੁੰਦੀ ਰਹਿੰਦੀ ਬਾਰ ਬਾਰ
ਫੂਕ ਬੰਸਰੀ ਨੂੰ ਮਾਰ ਲੁਕ ਜਾਵੇ ਨੰਦ ਲਾਲਾ ਏ।



Sri Satguru Jagjit Singh Ji eLibrary NamdhariElibrary@gmail.com

ਠਾਕੁਰ ਦਲੀਪ ਸਿੰਘ ਤਾਈਂ ਕਿਸੇ ਪੁਛ ਛਿਠਾ
ਮਾਤਾ ਪਿਤਾ ਨਾਲੋਂ ਵਧ ਦਾਦੇ ਦਾ ਪਿਆਰ ਸੀ।
ਵਿਛੜੇ ਨਾ ਕਦੇ ਦਾਦਾ ਪੋਤਰਾ ਏਹੋ ਜਗ ਜਾਣੇ
ਭਾਵੇਂ ਰਹੇ ਦੇਸ਼ ਭਾਵੇਂ ਗਏ ਦੇਸੋਂ ਬਾਹਰ ਸੀ।
ਵੇਖੀਏ ਜੇ ਪਿਆਰ ਝਾਕੀ ਰਹੇ ਨਹੀਂ ਕੁਛ ਬਾਕੀ
ਸ਼ਾਕੀ ਕੋਲ ਸਾਕੀ ਖੜਾ ਕੇਸ ਜਾਂ ਖਿਲਾਰ ਸੀ।
ਪਿਆਰੇ ਦਾ ਪਿਆਰ ਇਕ ਸਾਰ ਨਿਭ ਗਿਆ ਜਗ
ਪਿਆਰ ਹਥੋਂ ਪਿਆਰ ਦਾ ਜਾਂ ਹੋਇਆ ਸਸਕਾਰ ਸੀ।



Sri Satguru Jagjit Singh Ji eLibrary NamdhariElibrary@gmail.com

# ਕੱਤਕ

ਆਇ ਕੱਤੇ ਕਤਿਆਲੀ ਲਾਂਦੇ ਜੋਤਰੇ ਸੀ ਹਾਲੀ
ਪੈਲੀ ਬੀਜ ਲਈਏ ਬਾਹੂ ਪਾਲੀ ਸਭਨੇ ਵਿਚਾਰਿਆ।
ਹੋਈ ਸਾਭੇ ਸੌਣੀ ਸਾਂਣੀ ਲਾਵੇ ਆਪੜਾਂ ਨੂੰ ਪਾਣੀ
ਪਾਈ ਜਟੀਆਂ ਮਧਾਨੀਆਂ ਦੀ ਡਾਢੀ ਘੁਮਘਾਰਆ।
ਮੈਨੂੰ ਘਰ ਵਾਲੇ ਕਹਿਣ ਝਟ ਪਿਆਵਾਂਦੀ ਨਾ ਡੇਣ
ਸਦਾ ਪਾਂਦੀ ਰਹਿੰਦੀ ਵੈਣ ਜਿਵੇਂ ਹੋਵੇ ਕਿਸੇ ਮਾਰਿਆ।
ਮੇਰੇ ਕਿਦਾਂ ਲੰਘਣ ਸਿਆਲ ਵੇ ਮੈਂ ਦੁਖੀ ਵਾਲਵਾਲ
ਮੇਰਾ ਵੇਖ ਆਕੇ ਹਾਲ ਮਾਤਾ ਜੀਵਨ ਦੇ ਤਾਰਿਆ।



Sri Satguru Jagjit Singh Ji eLibrary NamdhariElibrary@gmail.com

## ਮਘਰ

ਮਘਰ ਸੋਭਦੇ ਨੇ ਉਹ ਜੇਹੜੇ ਕੱਠੇ ਦਿਲ ਦੇ,
ਭਾਵੇਂ ਏਹ ਭਾਵੇਂ ਉਹ ਆਖਦੀ ਲੋਕਾਈ ਏ ।
ਦੁਖ ਦੁਨੀਆਂ ਦਾ ਮੰਦਾ ਕਹੇ ਨਾਰ ਅਤੇ ਬੰਦਾ,
ਸਭ ਨਾਲੋਂ ਬੁਰੀ ਚੰਦਾ ਮੈਨੂੰ ਜਾਪਦੀ ਜੁਦਾਈ ਏ।
ਤੇਰਾ ਵੇਖ ਪ੍ਰਤਾਪ ਝੁਕੇ ਸਾਰਾ ਲੌਲਾਕ,
ਦਿਤੇ ਵਰ ਹਰੀ ਬਾਪ ਅਤੇ ਆਪ ਤੇਰੀ ਮਾਈ ਏ ।
ਵੇਖ ਜਲਵਾ ਸੀ ਤੇਰਾ ਗੋਰਾ ਚੁਕਗਿਆ ਡੇਰਾ,
ਲਾਇਆ ਜੋਰਸੀ ਬਥੇਰਾ ਜਿਨੇ ਚੌਕੀਸੀ ਪੁਵਾਈਏ ।



Sri Satguru Jagjit Singh Ji eLibrary NamdhariElibrary@gmail.com

# ਪੋਹ

ਚੜਿਆ ਪੋਹ ਸਰਦਾਰ ਪਾਲਾ ਕਰੇ ਮਾਰੋ-ਮਾਰ,
ਵੇਸ ਬਦਲਿਆ ਬਹਾਰ ਸੰਸਾਰ ਨੂੰ ਨਾ ਚੈਨ ਏ।
ਛੋਟੇ ਦਿਨ ਵਡੀ ਰਾਤ ਕਦੋਂ ਹੋਵੇ ਪ੍ਰਭਾਤ,
ਮੇਰਾ ਦੁਖੇ ਸਾਰਾ ਗਾਤ ਬੈਠੀ ਕਟਦੀ ਨਾ ਰੈਨ ਏ।
ਕਿਵੇ ਚਿਠੀਆਂ ਮੈਂ ਪਾਵਾਂ ਤੇ ਸਰਨਾਵਾਂ ਕੀ ਲਖਾਵਾਂ,
ਤੇਰੇ ਕੋਲ ਕਿਦਾ ਆਵਾਂ ਜੀਵੇਂ ਤੂੰਏਂ ਆਜਾ ਲੈਨ ਏ।
ਮਾਤਾ ਜੀਵਨ ਦੇ ਤਾਰੇ ਹਰੀ ਸਿੰਘ ਦੇ ਦੁਲਾਰੇ,
ਤੈਨੂੰ ਭੈਣੀ ਵਾਜਾਂ ਮਾਰੇ ਮੇਰੀ ਅਖੀਂ ਤੇਰਾ ਐਨ ਏ।



Sri Satguru Jagjit Singh Ji eLibrary NamdhariElibrary@gmail.com

## ਮਾਘ

ਮਾਘ ਮਜਨ ਨਾ ਭਾਵੇ ਗੋਤੇ ਜਿੰਦੜੀ ਪਈ ਖਾਵੇ,
ਕੇਹੜਾ ਵਿਛੜੇ ਮਿਲਾਵੇ ਮੈਨੂੰ ਦਸੋ ਨੀ ਸਹੇਲੀਓ ।
ਨੀ ਕਾਗਲੇ ਉਡਾਓ ਪਤਾ ਪੀਆ ਦਾ ਮੰਗਾਓ,
ਚੂਰੀ ਕੁਟ ਉਹਨੂੰ ਪਾਓ ਪਾਣੀ ਨੈਨਾਂ ਚੋਂ ਪਯਾਲੀਓ ।
ਜੋਗੀ ਹੁੰਦੇ ਨਾਹੀਂ ਮੀਤ ਗਾਉਂਦੀ ਸੁੰਦਰਾਂ ਏਹੀ ਗੀਤ,
ਬੁਰੀ ਇਸ਼ਕ ਦੀ ਰੀਤ ਨੀ ਪਰੀਤ ਮੇਰੀ ਪਾਲੀਓ ।
ਹਾਏ ਪੀਆ ਕਾਹੇ ਕੀਆ ਤੀਆਂ ਕੋ ਵਿਛੋੜਾ ਦੀਆ,
ਫੋਲ ਫੋਲ ਹੀਆ ਜੀਆ ਪੀਆ ਕੋ ਵਖਾਲੀਓ ।



Sri Satguru Jagjit Singh Ji eLibrary NamdhariElibrary@gmail.com

# ਫਗਣ

ਫਗਣ ਫਲ ਫੁਲ ਫੂਲੇ ਪਤੇ ਦਰਖਤਾਂ ਦੇ ਕੂਲੇ
ਪੰਛੀ ਟਾਹਣੀ ਬੈਠਕੇ ਝੂਲੇ ਗੀਤ ਗਾਂਵਦੇ ਬਹਾਰ ਦਾ ।
ਸੋਹਣੀ ਰੁਤੜੀ ਬਸੰਤ ਹੋਇਆ ਪਾਲੇ ਦਾ ਸੀ ਅੰਤ,
ਸੁਖੀ ਸਭੇ ਜੀਵ ਜੰਤ ਕੰਤ ਕੰਤ ਕੋਈ ਪੁਕਾਰ ਦਾ ।
ਸਭੇ ਦੇਸ਼ ਸੁਖੀ ਵਸੇ ਮੇਰੇ ਸੁਖ ਕਿਥੇ ਨਸੇ ।
ਕੇਹੜਾ ਪਤਾ ਮੈਨੂੰ ਦਸੇ ਖੂੰਡੇ ਵਾਲੇ ਦਿਲਦਾਰ ਦਾ ।
ਬਿਨਾਂ ਕੰਤ ਦੇ ਬਸੰਤ ਮੈਨੂੰ ਭਾਵੇ ਨ ਅਨੰਤ,
ਦਸਨ ਸੰਤ ਨਾ ਮਹੰਤ ਕੇਹੜੀ ਦੁਨੀਆਂ ਨੂੰ ਤਾਰਦਾ ।



Sri Satguru Jagjit Singh Ji eLibrary NamdhariElibrary@gmail.com

ਜਦੋਂ ਭਾਸ਼ਣ 'ਚ ਬੋਲੇਂ ਪਿਆ ਹੋਕੇ ਸਾਥੋਂ ਓਹਲੇ,
ਧਰ ਪੈਰ ਪੋਲੇ ਪੋਲੇ ਤੈਨੂੰ ਲਭ ਜਫਾ ਪਾ ਲਵਾਂ।
ਆਖਾਂ ਮਾਫ਼ਕਰੋ ਸੋਈ ਜੇਹੜੀ ਅਮਾਂ ਕੋਲੋਂ ਹੋਈ
ਟੋਕੇ ਖਾਲੀ ਅਖਾਂ ਕਰ ਤੈਨੂੰ ਮੈਂ ਲੁਕਾ ਲਵਾਂ।
ਇੰਦਰ ਅਪਛਰਾਂ ਤੇ ਵਿਸ਼ਨੂੰ ਜੀ ਲਛਮੀ ਤੋਂ,
ਫੜੀ ਹੋਇ ਕੰਨੀ ਤੇਰੀ ਖਿਚ ਕੇ ਛੁਡਾ ਲਵਾਂ।
ਜਿਦਾਂ ਰੋਈ ਮੈਂ ਉਦਾਂ ਰੋਣ ਓਹਵੀ ਧਾਹਾਂ ਮਾਰ,
ਇਕ ਵਾਰ ਦਿਲ ਦਾਰ ਬਦਲਾ ਤੇ ਲਾਹ ਲਵਾਂ।



Sri Satguru Jagjit Singh Ji eLibrary NamdhariElibrary@gmail.com

ਅਤਰ ਸਿੰਘ ਅਲਮਾ ਤੇ ਮਾਨ ਸਿੰਘ ਸੈਤ ਵੜੇ.
ਇਸ ਸਿਧ ਮੰਡਲੀ ਨੂੰ ਪਹਿਲਾਂ ਅਗੇ ਲਾ ਲਿਆ।
ਭੂਰੀ ਵਾਲੇ ਸੰਤ ਸਦਾ ਸਿੰਘ ਤੇ ਬਸੰਤ
ਦਯਾ ਸਿੰਘ, ਆਤਮਾ ਪਹਿਲੋਂ ਰਾਹੇ ਪਾ ਲਿਆ।
ਸੂਬਾ ਵਰਿਆਮ ਸਿੰਘ ਤੇਜਾ ਸਿੰਘ ਤੇਜ ਵਾਲੇ,
ਪਹਿਲੋਂ ਜਾ ਕੇ ਆਪ ਪਿਛੋਂ ਇਨ੍ਹਾਂ ਨੂੰ ਬੁਲਾ ਲਿਆ,
ਸਾਡਾ ਕੀ ਕਸੂਰ ਨਾ ਹਜ਼ੂਰ ਸਾਨੂੰ ਦਸਿਓ ਜੇ,
ਚੁਪ ਕੀਤੇ ਸਾਡੇ ਕੋਲੋਂ ਪਲਾ ਸੀ ਛੁਡਾ ਲਿਆ।



Sri Satguru Jagjit Singh Ji eLibrary NamdhariElibrary@gmail.com

ਪੀਆ ਜੀ ਆਓ ਇਕ ਵਾਰ ਲੈਕੇ ਚੀਨੀ ਅਸਵਾਰ,
ਪਾਓ ਦੀਦ ਦੀ ਫੁਹਾਰ ਤਪੇ ਤਨ ਦਿਓ ਠਾਰ ਜੀ।
ਬੋੜ੍ਹਾਂ ਥਲੇ ਸਜ ਜਾਓ ਆਓ ਤਾਊਸ਼ ਨੂੰ ਵਜਾਓ,
ਦੋਵੇਂ ਕਠੇ ਛਕੇ ਲਾਓ ਤੇ ਸੁਣਾਓ ਆਸਾ ਵਾਰ ਜੀ।
ਕੋਇਲ ਬਿਰਹੋਂ ਨਾ ਗਾਵੇ ਹੇਕਾ ਕਿਸੇ ਨਾ ਸਤਾਵੇ,
ਗਊ ਗਰੀਬ ਸੁਖ ਪਾਵੇ ਐਸਾ ਰਚੋ ਸੰਸਾਰ ਜੀ।
ਮੁਕ ਜਾਣ ਝਗੜੇ ਝੇੜੇ ਬਹੀਏ ਇਕ ਦੂਜੇ ਨੇੜੇ,
ਖੁਸ਼ੀ ਵਸੇ ਹਰ ਵੇਹੜੇ ਵਿਛੜੇ ਯਾਰ ਤੋਂ ਨਾ ਯਾਰ ਜੀ।



Sri Satguru Jagjit Singh Ji eLibrary NamdhariElibrary@gmail.com

ਹੋਰ ਤੇ ਰਹੀ ਦੂਰ ਕਿਹੜਾ ਤੁਸਾਂ ਨਾਲ ਜੋਰ,
ਹੈਂ ਤਾਂ ਚਿਤ ਚੋਰ ਪਰ ਫਿਰ ਵੀ ਅਰਦਾਸ ਏ ।
ਜਗਜੀਤ ਜੀ ਦੇ ਚਰਨਾ ਨਾਲ ਪਰੀਤ ਰੀਤ ਨਿਭ ਜਾਵੇ,
ਤੁਸਾਂ ਵਾਂਗ ਰਹੀਏ ਪੀਆ ਹੋਕੇ ਇਹਨਾਂ ਦਾਸ ਏ ।
ਦਵਨ ਲਈ ਧੀਰ ਜੇ ਨਾ ਦੇਵੇਂ ਇਹ ਦੋ ਵੀਰ ਬੀਰ
ਮਰ ਜਾਂਦੇ ਕਈ ਹੁਣ ਨੂੰ ਹੋਕੇ ਉਦਾਸ ਏ ।
ਕਹੇ ਗੁਰ-ਬਖਸ਼ ਪੀਆ ਅਸੀਂ ਤੇ ਹਾਂ ਪਾਪੀ ਸ਼ਖਸ਼,
ਕਰਕੇ ਬਖਸ਼ ਕਰੋ ਭਰਮਾਂ ਦਾ ਨਾਸ ਏ ।



Sri Satguru Jagjit Singh Ji eLibrary NamdhariElibrary@gmail.com

# ਓਸੇ ਜੋਤ ਦਾ ਚਮਕਦਾ ਨੂਰ ਦਿਸੇ।

ਜਿਵੇਂ ਜਲ ਤਰੰਗ ਨਾ ਵਖ ਵਖ ਨੇ
ਜਿਵੇਂ ਫਲ ਅਤੇ ਫਲ ਦਾ ਬੂਰ ਦਿਸੇ।
ਜਿਵੇਂ ਤਾਰੇ ਅਕਾਸ਼ ਤੇ ਰਾਤ ਦਿਨ ਨੇ
ਜਿਵੇਂ ਚੰਦਰਮਾਂ ਅਤੇ ਸੁਭਾ ਸੂਰ ਦਿਸੇ।
ਜਿਵੇਂ ਫੁਲ ਤੇ ਫੁਲ ਮਹਿਕਾਰ ਦਿਸੇ
ਜਿਵੇਂ ਫਲ ਅਤੇ ਓਹਦਾ ਸਰੂਰ ਦਿਸੇ।
ਜਿਵੇਂ ਅੰਗਾਂ ਚੋਂ ਅੰਗਦ ਸੀ ਹੋ ਦਿਸਿਆ
ਜਿਵੇਂ ਬਕਾਲੇ ਚੋਂ ਹੋ ਸੰਪੂਰ ਦਿਸੇ।
ਜਿਵੇ ਰਾਮ ਤੋਂ ਦਿਸਿਆ ਬੁਧ ਪਿਤੋਂ,
ਏਧ ਪਿਛੋਂ ਪਰਤਾਪ ਹਜੂਤ ਦਿਸੇ।
ਅਖਾ ਮਖਣ ਲੁਬਾਣੇ ਤੋਂ ਮੰਗ ਤਕੋ
ਓਸੇ ਜੋਤ ਦਾ ਚਮਕਦਾ ਨੂਰ ਦਿਸੇ।





Sri Satguru Jagjit Singh Ji eLibrary NamdhariElibrary@gmail.com

ਆਪ ਜਾਣ ਤੋਂ ਪਹਿਲਾਂ ਪ੍ਰਤਾਪ ਸਤਿਗੁਰ ਏਦਾਂ ਸਿੰਘਾਂ ਦੇ ਤਾਈਂ ਫੁਰਮਾਇਆ ਏ।
ਵਡੇ ਕਾਕੇ ਤੇ ਮੇਰੇ ਵਿਚ ਫਰਕ ਕੋਈ ਨ ਅੰਗ ਅੰਗ ਮੇਰਾ ਰਬ ਲਾਇਆ ਏ।
ਮੇਰੇ ਵਾਂਗ ਬਿਮਾਰ ਤੇ ਰਹੇ ਰਾਜ਼ੀ ਮੇਰੇ ਵਾਂਗ ਹੀ ਤਾਊਸ਼ ਵਜਾਇਆ ਏ।
ਇਹ ਬੁਝਾਰਤਾਂ ਪੌਂਦੇ ਸੀ ਅਲੋਪ ਹੋਏ ਦੂਜਾ ਰੂਪ ਉਹਦਾ ਸਾਹਵੇਂ ਆਇਆ ਏ।
ਜਗਦਾ ਦੀਵਾ ਜਹਾਨ ਤੇ ਰਿਹਾ ਸਾਹਵੇਂ ਆਦਿ ਅੰਤ ਤੋਂ ਏਹਦਾ ਦਸਤੂਰ ਦਿਸੇ।
ਜੁਗਾਂ ਜੁਗਾਂਤਰਾਂ ਤੋਂ ਸੇਵਕ ਤਕ ਆਖਣ ਓਸੇ ਜੋਤ ਦਾ ਚਮਕਦਾ ਨੂਰ ਦਿਸੇ।

ਲਖਾਂ ਤਾਰਿਆਂ ਦੇ ਵਿਚ ਚੰਨ ਵਾਂਗਰ ਬੈਠੇ ਆਸਣ ਉਤੇ ਸੋਭਾ ਪਾਂਵਦੇ ਨੇ।
ਮਸਤੀ ਨਚ ਪੌਂਦੀ ਪ੍ਰੀਤ ਜਾਮ ਪੀਕੇ ਜਦੋਂ ਪ੍ਰੀਤਮ ਤਾਊਸ਼ ਵਜਾਂਵਦੇ ਨੇ।
ਦਰਸ਼ਨ ਸਿੰਘ ਖਜਾਨ ਸਿੰਘ ਹੇਠ ਸਾਹਵੇਂ ਨਾਲ ਸੁਰ ਦੇ ਸੁਰ ਮਿਲਾਂਵਦੇ ਨੇ।
ਓਹੋ ਰੀਤ ਤੇ ਓਹੋ ਸੰਗੀਤ ਸੁਣਕੇ ਵਡ ਪ੍ਰਤਾਪੀ ਜੀ ਹੀ ਦਰਸ-ਆਂਵਦੇ ਨੇ।
ਓਹਨਾਂ ਵਾਂਗ ਹੀ ਰੂਪ ਅਨੂਪ ਸੁੰਦਰ ਅਖਾਂ ਸਾਹਮਣੇ ਦਿਲੋਂ ਨਾ ਦੂਰ ਦਿਸੇ।
ਬਿਰਹੋਂ ਠੰਢ ਕਲੇਜੇ ਨੂੰ ਪਾ ਆਖਣ ਓਸੇ ਜੋਤ ਦਾ ਚਮਕਦਾ ਨੂਰ ਦਿਸੇ।



Sri Satguru Jagjit Singh Ji eLibrary NamdhariElibrary@gmail.com

ਇਹਦੇ ਹੋਠਾਂ ਚੋਂ ਓਹ ਮੁਸਕਾਨ ਨਿਕਲੀ ਦਰਦ ਜਿਨੇ ਵਿਛੋੜੇ ਦਾ ਪੀ ਲਿਆ ਏ ।
ਧਾਗਾ ਏਕਤਾ ਦਾ ਸੂਈ ਪ੍ਰੀਤ ਵਾਲੀ ਏਹਨੇ ਪਾਟਿਆਂ ਦਿਲਾਂ ਨੂੰ ਸੀ ਲਿਆ ਏ ।
ਓਹਦੇ ਪੂਰਨੇ ਪਾਏ ਦੁਹਰਾਕੇ ਤੇ ਜੀਵਨ ਜੋਧਿਆਂ ਦੇ ਵਾਂਗਰ ਜੀ ਲਿਆ ਏ ।
ਤੇਰੇ ਭਾਣੇ ਸਰਬਤ ਦਾ ਭਲਾ ਕਹਿਣਾ ਨਿਰਾ ਕਹਿਣਾ ਨਹੀਂ ਕਰ ਹੀ ਲਿਆ ਏ ।
ਉਦਮ ਚੁੰਮਦਾ ਏ ਕਦਮਾਂ ਤ੍ਰੇਹਦਿਆਂ ਨੂੰ ਝੁਕਦਾ ਚਰਨਾਂ ਤੇ ਸ਼ਾਹੀ ਗਰੂਰ ਦਿਸੇ ।
ਇਹਦੀ ਵਖ ਕ੍ਰਿਦਾਰ ਸੰਸਾਰ ਆਖੇ ਓਸੇ ਜੋਤ ਦਾ ਚਮਕਦਾ ਨੂਰ ਦਿਸੇ ।

ਫੜਿਆ ਤੀਰ ਤੇ ਸਾਰੰਗ ਧਰ ਨਾਮ ਹੋਇਆ ਚਕ੍ਰ ਲਿਆ ਤੇ ਬਣ ਗਿਆ ਚਕ੍ਰਧਾਰੀ ।
ਫਿਰਿਆ ਦੇਸ ਬਿਦੇਸ ਉਦਾਸ ਹੋ ਕੇ ਲੋਕਾਂ ਆਖਿਆ ਆਪ ਨੂੰ ਨਿਰੰਕਾਰੀ ।
ਨਾਮ ਕਾਰਨੇ ਨਾਮ ਸੀ ਬਾਜਾਂ ਵਾਲਾ ਚੀਨੀ ਵਾਲਾ ਨਾ ਚੀਨੀ ਦਾ ਅਸਵਾਰੀ ।
ਫੜਿਆ ਖੂੰਡਾ ਤੇ ਜਗ ਕਿਹਾ ਖੂੰਡੇ ਵਾਲਾ ਨਾਮ ਵੰਡਿਆ ਤੇ ਹੋਇਆ ਨਾਮਧਾਰੀ ।
ਅਜ ਕਾਰ ਅਸਵਾਰ ਸੰਸਾਰ ਆਖੇ ਇਹੋ ਮੂਸੇ ਨੂੰ ਸਦਾ ਕੋਹਿਨੂਰ ਦਿਸੇ ।
"ਰਾਮਪੁਰੀ" ਨਾ ਹੋਵੇ ਉਦਾਸ ਸਿੰਘੋ ਓਸੇ ਜੋਤ ਦਾ ਚਮਕਦਾ ਨੂਰ ਦਿਸੇ ॥



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com